ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

# 'ਸਾਂਝੀ ਰਸੋਈ' 'ਚ ਰੋਜ਼ਾਨਾ ਲਗਭੱਗ 315 ਵਿਅਕਤੀ ਪੌਸ਼ਟਿਕ ਭੋਜਨ ਦਾ ਆਨੰਦ ਮਾਣ ਰਹੇ ਹਨ-ਅਟਵਾਲ

- **ਹੁਣ ਤੱਕ ਲਗਭੱਗ 12,210 ਵਿਅਕਤੀ ਖਾ ਚੁੱਕੇ ਹਨ ਖਾਣਾ**
- **ਇਹ ਨਿਵੇਕਲਾ ਪ੍ਰੋਜੈਕਟ ਗ਼ਰੀਬ ਲੋਕਾਂ ਲਈ ਹੋ ਰਿਹਾ ਕਾਫ਼ੀ ਲਾਹੇਵੰਦ ਸਾਬਤ**
- **ਸਹਾਇਕ ਕਮਿਸ਼ਨਰ ਨੇ ਲਾਇਨਜ਼ ਕਲੱਬ ਮੋਗਾ (ਸੈਂਟਰਲ) ਦੇ ਅਹੁਦੇਦਾਰਾਂ ਸਮੇਤ 'ਸਾਂਝੀ ਰਸੋਈ' ਦੇ ਪ੍ਰਬੰਧਾਂ ਦਾ ਲਿਆ ਜ਼ਾਇਜ਼ਾ**

ਮੋਗਾ 13 ਜੁਲਾਈ:

ਗਰੀਬ ਲੋਕਾਂ ਨੂੰ ਘੱਟ ਕੀਮਤ 'ਤੇ ਚੰਗਾ ਅਤੇ ਪੇਟ ਭਰ ਖਾਣਾ ਮੁਹੱਈਆ ਕਰਵਾਉਣ ਵਾਲੀ 'ਸਾਂਝੀ ਰਸੋਈ' ਦਫ਼ਤਰ ਨਗਰ ਨਿਗਮ ਮੋਗਾ ਵਿਖੇ ਸਫ਼ਲਤਾ ਪੂਰਵਕ ਚੱਲ ਰਹੀ ਹੈ ਅਤੇ ਇਸ ਸਾਂਝੀ ਰਸੋਈ 'ਚ ਐਤਵਾਰ ਨੂੰ ਛੱਡ ਕੇ ਰੋਜ਼ਾਨਾ ਲਗਭੱਗ 315 ਵਿਅਕਤੀ ਪੌਸ਼ਟਿਕ ਭੋਜਨ ਖਾ ਰਹੇ ਹਨ।

ਇਹ ਜਾਣਕਾਰੀ ਸਹਾਇਕ ਕਮਿਸ਼ਨਰ ਮੋਗਾ ਸ. ਹਰਪ੍ਰੀਤ ਸਿੰਘ ਅਟਵਾਲ ਨੇ ਅੱਜ ਲਾਇਨਜ਼ ਕਲੱਬ ਮੋਗਾ (ਸੈਂਟਰਲ) ਦੇ ਅਹੁਦੇਦਾਰਾਂ ਸਮੇਤ ਸਾਂਝੀ ਰਸੋਈ ਦੇ ਪ੍ਰਬੰਧਾਂ ਦਾ ਜ਼ਾਇਜ਼ਾ ਲੈਣ ਸਮੇਂ ਦਿੱਤੀ। ਇਸ ਮੌਕੇ ਸਮੁੱਚੀ ਟੀਮ ਵੱਲੋਂ ਖੁਦ ਵੀ ਅੱਜ ਬਣੇ ਖਾਣੇ (ਕੜ੍ਹੀ-ਚਾਵਲ) ਦਾ ਸਵਾਦ ਲਿਆ। ਉਨ੍ਹਾਂ ਦੱਸਿਆ ਕਿ 31 ਮਈ, 2017 ਨੂੰ ਸ਼ੁਰੂ ਕੀਤੀ ਗਈ ਇਸ ਸਾਂਝੀ ਰਸੋਈ 'ਚ ਹੁਣ ਤੱਕ ਲਗਭੱਗ 12,210 ਵਿਅਕਤੀ ਖਾਣਾ ਖਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਸਾਂਝੀ ਰਸੋਈ ਪ੍ਰੋਜੈਕਟ ਵਿੱਚ ਇਹ ਰਸੋਈ ਦੁਪਹਿਰ 12 ਵਜੇ ਤੋਂ ਗਰੀਬ ਲੋਕਾਂ ਨੂੰ ਘੱਟ ਕੀਮਤ 'ਚ ਚੰਗਾ ਅਤੇ ਪੇਟ ਭਰ ਖਾਣਾ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜ਼ਰੂਰਤਮੰਦ ਵਿਅਕਤੀਆਂ ਨੂੰ ਸਾਂਝੀ ਰਸੋਈ 10 ਰੁਪਏ ਦੀ ਥਾਲ਼ੀ ਉਪਲੱਭਦ ਕਰਵਾ ਰਹੀ ਹੈ, ਜਿਸ ਵਿੱਚ ਦਾਲ, ਸਬਜ਼ੀ, 4 ਫੁਲਕੇ ਅਤੇ ਚਾਵਲ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤਾ ਗਿਆ ਇਹ ਨਿਵੇਕਲਾ ਪ੍ਰੋਜੈਕਟ ਗ਼ਰੀਬ ਲੋਕਾਂ ਲਈ ਕਾਫ਼ੀ ਲਾਹੇਵੰਦ ਸਾਬਤ ਹੋ ਰਿਹਾ ਹੈ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਸਾਂਝੀ ਰਸੋਈ ਪ੍ਰੋਜੈਕਟ ਨੂੰ ਹੋਰ ਵਧੀਆ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਕਲੱਬ ਦੇ ਪ੍ਰਧਾਨ ਸ੍ਰੀ ਰੋਹਿਤ ਗਰਗ ਅਤੇ ਸੈਕਟਰੀ ਐਸ.ਕੇ.ਬਾਂਸਲ ਨੇ ਕਿਹਾ ਕਿ 10 ਰੁਪਏ ਵਿੱਚ ਦਿੱਤਾ ਜਾ ਰਿਹਾ ਖਾਣਾ ਪੌਸ਼ਟਿਕ ਅਤੇ ਸਵਾਦਿਸ਼ਟ ਹੈ। ਕਲੱਬ ਮੈਂਬਰਾਂ ਨੇ ਮਹਿਸੂਸ ਕੀਤਾ ਕਿ ਸਾਂਝੀ ਰਸੋਈ 'ਚ ਖਾਣਾ ਖਾਣ ਵਾਲੀ ਥਾਂ 'ਤੇ ਪੱਖਿਆਂ ਦੀ ਘਾਟ ਹੈ। ਉਨ੍ਹਾਂ ਮੌਕੇ 'ਤੇ ਹੀ ਕਿਹਾ ਕਿ ਉਨ੍ਹਾਂ ਵੱਲੋਂ ਜਲਦੀ ਹੀ ਖਾਣੇ ਵਾਲੇ ਹਾਲ 'ਚ ਛੱਤ ਵਾਲੇ ਪੱਖੇ ਲਗਾਏ ਜਾਣਗੇ, ਤਾਂ ਜੋ ਲੋਕ ਆਰਾਮ ਨਾਲ ਖਾਣਾ ਖਾ ਸਕਣ। ਇਸ ਸਮੇਂ ਉਨ੍ਹਾਂ ਨਾਲ ਸਕੱਤਰ ਰੈਡ ਕਰਾਸ ਸੋਸਾਇਟੀ ਸਤਿਨਾਮ ਸਿੰਘ, ਕਲੱਬ ਮੈਂਬਰ ਰੂਪ ਚੰਦ, ਜਸਵਿੰਦਰ ਬਾਂਸਲ ਅਤੇ ਸਾਹਿਲ ਸਿੰਗਲਾ ਆਦਿ ਮੌਜੂਦ ਸਨ।


WELCOME
LIONS CLUB MOGA
(CENTRAL)
ਰੇਟ 10/-
ਸਸਤੀ ਰੋਟੀ
ਕਮਿਊਨਿਟੀ (ਸਾਂਝੀ)
ਸਵੇਰੇ 12:00 ਵਜੇ ਤੋਂ 3:00 ਵਜੇ ਤੱਕ
ਸਥਾਨ: ਨਗਰ ਨਿਗਮ, ਮੋਗਾ
ਵੱਲੋਂ: ਜ਼ਿਲ੍ਹਾ ਪ੍ਰਸ਼ਾਸਨ-ਜ਼ਿਲ੍ਹਾ ਰੈਡ ਕਰਾਸ, ਮੋਗਾ